ਸਾਰਿਆਂ ਨੂੰ ਗੁੱਡ ਮੌਰਨਿੰਗ। ਏ-ਸਵੇਇਲ (ਹੈਲੋ),

ਅੱਜ 31 ਅਗਸਤ ਹੈ ਅਤੇ ਅਗਲੇ ਹਫਤੇ ਅਸੀਂ ਸਕੂਲ ਨੂੰ ਵਾਪਸ ਆਵਾਂਗੇ ਅਤੇ ਮੈਂ ਮਾਪਿਆਂ ਲਈ ਇਕ ਵਾਰ ਫਿਰ ਇਹ ਜਾਣਕਾਰੀ ਪ੍ਰਦਾਨ ਕਰਨਾ ਚਾਹੁੰਦਾ ਹਾਂ ਕਿ ਇਸ ਵੇਲੇ ਸਥਿਤੀ ਕੀ ਹੈ ਅਤੇ ਅਗਲੇ ਹਫਤੇ ਕੀ ਹੋਵੇਗਾ।

ਸਭ ਤੋਂ ਪਹਿਲਾਂ, ਮੈਂ ਤੁਹਾਨੂੰ 10 ਸਤੰਬਰ ਅਤੇ 11 ਸਤੰਬਰ ਨੂੰ ਸਕੂਲ ਵਾਪਸ ਆਉਣ ਦੀਆਂ ਸਾਡੀਆਂ ਰੈਗੂਲਰ ਚੋਣਾਂ ਬਾਰੇ ਦੱਸਣਾ ਚਾਹੁੰਦਾ ਹਾਂ। ਤੁਸੀਂ ਜਾਣਦੇ ਹੀ ਹੋ ਕਿ ਕਿੰਡਰਗਾਰਟਨ ਤੋਂ ਗ੍ਰੇਡ 7 ਤੱਕ, ਵੱਡੀ ਪੱਧਰ ਤੱਕ ਤੁਹਾਡੇ ਛੋਟੇ ਬੱਚੇ ਲਈ ਸਕੂਲ ਨਾਰਮਲ ਦਿਖਾਈ ਦੇਣਗੇ। ਕਲਾਸ ਵਿੱਚ ਪੜ੍ਹਾਈ ਦੇ ਸੰਬੰਧ ਵਿੱਚ ਉਹ ਕੋਈ ਬਹੁਤੀਆਂ ਚੀਜ਼ਾਂ ਵੱਖਰੀਆਂ ਨਹੀਂ ਦੇਖਣਗੇ, ਭਾਵੇਂ ਕਿ ਆਵਾਜਾਈ ਅਤੇ ਸਫਾਈ ਅਤੇ ਹੱਥ ਧੋਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਦੂਜੇ ਵਿਦਿਆਰਥੀਆਂ ਨਾਲ ਨੇੜੇ ਦਾ ਸਰੀਰਕ ਸੰਪਰਕ ਨਾ ਹੋਵੇ, ਕਈ ਤਰ੍ਹਾਂ ਦੇ ਵੱਖਰੇ ਨਿੱਤਨੇਮ (ਰੁਟੀਨ) ਹੋਣਗੇ। ਇਸ ਤਰ੍ਹਾਂ, ਆਸ ਹੈ ਕਿ ਸਾਡੇ ਬਹੁਤੇ ਐਲੀਮੈਂਟਰੀ ਵਿਦਿਆਰਥੀ ਰੈਗੂਲਰ ਪੜ੍ਹਾਈ ਦੇ ਸੰਬੰਧ ਵਿੱਚ ਕੋਈ ਫਰਕ ਨਹੀਂ ਦੇਖਣਗੇ। ਗ੍ਰੇਡ 8 ਅਤੇ 9 ਦੇ ਵਿਦਿਆਰਥੀਆਂ ਲਈ ਇਕ ਬਲਾਕ ਸਵੇਰ ਨੂੰ ਹੋਵੇਗਾ ਅਤੇ ਇਕ ਦੁਪਹਿਰੋਂ ਬਾਅਦ, ਅਤੇ ਉਹ ਸਕੂਲ ਵਿੱਚ ਪੂਰੇ ਸਮੇਂ ਲਈ ਆਉਣਗੇ। ਬਲਾਕਾਂ ਦੇ ਆਮ ਸਮੇਂ ਦੇ ਮੁਕਾਬਲੇ ਬਲਾਕਾਂ ਦਾ ਸਮਾਂ ਲੰਮਾ ਹੋਵੇਗਾ, ਅਤੇ ਇਹ ਦੋ ਲੰਮੇ ਬਲਾਕ 10 ਹਫਤਿਆਂ ਲਈ ਚੱਲਣਗੇ ਅਤੇ ਫਿਰ ਤੁਸੀਂ ਇਕ ਨਵੀਂ ਟਰਮ ਵਿੱਚ ਜਾਵੋਗੇ ਅਤੇ ਤੁਹਾਡੇ ਦੋ ਹੋਰ ਵਾਧੂ ਕੋਰਸ ਹੋਣਗੇ, ਅਤੇ ਫਿਰ ਅਸੀਂ ਇਸ ਤਰ੍ਹਾਂ ਅੱਗੇ ਨੂੰ ਜਾਵਾਂਗੇ, ਅਤੇ ਤੁਸੀਂ ਇਹ ਸਾਲ ਵਿੱਚ ਚਾਰ ਵਾਰ ਕਰੋਗੇ ਅਤੇ ਤੁਹਾਡੇ ਅੱਠ ਕੋਰਸ ਪੂਰੇ ਹੋਣਗੇ। ਗ੍ਰੇਡ 10 ਤੋਂ 12 ਦੇ ਵਿਦਿਆਰਥੀਆਂ ਲਈ ਇਕ ਮਿਸ਼ਰਤ (ਰਲਵਾਂ ਮਿਲਵਾਂ) ਪ੍ਰੋਗਰਾਮ ਹੋਵੇਗਾ, ਜਿਸ ਵਿੱਚ ਇਕ ਬਲਾਕ ਸਵੇਰ ਨੂੰ ਹੋਵੇਗਾ ਅਤੇ ਫਿਰ ਦੁਪਹਿਰੋਂ ਬਾਅਦ ਇਕ ਆਨਲਾਈਨ ਬਲਾਕ ਹੋਵੇਗਾ ਜਿਸ ਵਿੱਚ ਹਫਤੇ ਵਿੱਚ ਇਕ ਦਿਨ ਲਈ ਦੁਪਹਿਰੋਂ ਬਾਅਦ ਇਕ ਬਹੁਤ ਛੋਟੀ ਕਲਾਸ ਵਿੱਚ ਆਹਮੋ-ਸਾਹਮਣੇ ਹੋ ਕੇ (ਫੇਸ ਟੂ ਫੇਸ) ਪੜ੍ਹਾਈ ਕਰਨ ਦਾ ਇਕ ਮੌਕਾ ਮਿਲੇਗਾ। ਇਸ ਤਰ੍ਹਾਂ ਇਹ ਸਾਡੇ ਆਮ ਪ੍ਰੋਗਰਾਮ ਹਨ ਅਤੇ ਤੁਹਾਨੂੰ ਇਸ ਤੋਂ ਪੂਰੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ। ਅਤੇ ਇਸ ਹਫਤੇ ਦੇ ਦੌਰਾਨ ਤੁਹਾਡੇ ਰੈਗੂਲਰ ਸਕੂਲ ਵੱਲੋਂ ਤੁਹਾਨੂੰ ਇਸ ਬਾਰੇ ਬਹੁਤ ਸਾਰੀ ਜਾਣਕਾਰੀ ਦਿੱਤੀ ਜਾਵੇਗੀ ਕਿ ਸਤੰਬਰ 10 ਤੋਂ ਸ਼ੁਰੂ ਹੋਣ ਵਾਲੇ ਪਹਿਲੇ ਹਫਤੇ ਵਿੱਚ ਤੁਹਾਡੇ ਲਈ ਕੀ ਕੁਝ ਹੋਵੇਗਾ।

ਪਰ ਅਸੀਂ ਮਾਪਿਆਂ ਤੋਂ ਇਹ ਸਪਸ਼ਟ ਰੂਪ ਵਿੱਚ ਸੁਣਿਆ ਹੈ ਕਿ ਕਈ ਲੋਕ ਸਕੂਲ ਵਾਪਸ ਆਉਣ ਤੋਂ ਘਬਰਾਏ ਹੋਏ ਹਨ। ਉਨ੍ਹਾਂ ਨੂੰ ਸਾਡੀ ਮੌਜੂਦਾ ਮਹਾਂਮਾਰੀ ਦੀ ਸਥਿਤੀ ਵਿੱਚ ਇਹ ਪੱਕਾ ਨਹੀਂ ਹੈ ਕਿ ਕੀ ਇਹ ਸੁਰੱਖਿਅਤ ਹੈ ਜਾਂ ਨਹੀਂ, ਜਾਂ ਉਹਨਾਂ ਨੂੰ ਇਸ ਬਾਰੇ ਯਕੀਨ ਨਹੀਂ ਹੈ ਕਿ ਕੀ ਉਹ ਆਪਣੇ ਬੱਚੇ ਨੂੰ ਸਕੂਲ ਭੇਜਣਾ ਚਾਹੁੰਦੇ ਹਨ ਜਾਂ ਨਹੀਂ। ਇਸ ਲਈ ਉਹ ਹੋਰ ਚੋਣਾਂ ਲੱਭ ਰਹੇ ਹਨ, ਅਤੇ ਅੱਜ ਮੈਂ ਤੁਹਾਨੂੰ ਮਾਪਿਆਂ ਲਈ ਦੋ ਚੋਣਾਂ ਤੋਂ ਜਾਣੂ ਕਰਵਾਉਣਾ ਚਾਹੁੰਦਾ ਹਾਂ, ਜਿਹਨਾਂ ਨੂੰ ਅਸੀਂ ਸਰੀ ਮਿਸ਼ਰਤ (ਸਰੀ ਬਲੈਂਡਿਡ) ਦਾ ਨਾਂ ਦਿੱਤਾ ਹੈ। ਇਸ ਲਈ ਐਲੀਮੈਂਟਰੀ ਸਕੂਲਾਂ ਅਤੇ ਗ੍ਰੇਡ 8 ਅਤੇ 9 ਦੇ ਵਿਦਿਆਰਥੀਆਂ ਲਈ ਇਹ ਪ੍ਰੋਗਰਾਮ ਸਕੂਲ ਵਾਪਸ ਆਉਣਾ ਸ਼ੁਰੂ ਕਰਨ ਲਈ ਸਹਿਜ ਅਤੇ ਕ੍ਰਮ ਅਨੁਸਾਰ ਆਉਣ ਦਾ ਰਾਹ ਅਪਨਾਉਣ ਦਾ ਮੌਕਾ ਦੇਣਗੇ ਅਤੇ ਇਸ ਵਿੱਚ ਆਨਲਾਈਨ ਪੜ੍ਹਾਈ ਸ਼ਾਮਲ ਹੈ।

ਸੋ ਇਹ ਇਸ ਤਰ੍ਹਾਂ ਦਿਖਾਈ ਦੇਵੇਗਾ। ਕਿੰਡਰਗਾਰਟਨ ਤੋਂ ਗ੍ਰੇਡ 7 ਤੱਕ ਦੇ ਵਿਦਿਆਰਥੀਆਂ ਲਈ ਸਰੀ ਮਿਸ਼ਰਤ (ਸਰੀ ਬਲੈਂਡਿਡ) ਵਿੱਚ ਆਨਲਾਈਨ ਪੜ੍ਹਾਈ ਸ਼ਾਮਲ ਹੋਵੇਗੀ, ਅਤੇ ਇਹ ਹਫਤੇ ਵਿੱਚ 5 ਦਿਨ ਸਵੇਰ ਦੇ ਸਮੇਂ ਉਪਲਬਧ ਹੋਵੇਗਾ। ਇਸ ਲਈ ਤੁਸੀਂ ਆਪਣੇ ਅਧਿਆਪਕ ਨਾਲ ਜਥੇਬੰਦਕ ਰੂਪ ਵਿੱਚ ਸਮਾਂ ਬਿਤਾਉਗੇ ਅਤੇ ਇਹ ਤੁਹਾਡੇ ਗਵਾਂਢ ਦੇ ਸਕੂਲ ਨਾਲ ਜੁੜਿਆ ਹੋਵੇਗਾ। ਇਸ ਤਰ੍ਹਾਂ ਤੁਸੀਂ ਆਪਣਾ ਸਕੂਲ ਨਹੀਂ ਬਦਲੋਗੇ, ਤੁਸੀਂ ਆਪਣੇ ਰੈਗੂਲਰ ਸਕੂਲ ਵਿੱਚ ਹੀ ਰਜਿਸਟਰਡ ਰਹੋਗੇ, ਅਤੇ ਜਿਵੇਂ ਮੈਂ ਕਿਹਾ ਹੈ ਕਿ ਸਵੇਰ ਦੇ ਵਕਤ ਤੁਹਾਡੀ ਆਨਲਾਈਨ ਪੜ੍ਹਾਈ ਹੋਵੇਗੀ। ਦੁਪਹਿਰੋਂ ਬਾਅਦ ਵੱਖ ਵੱਖ ਤਰ੍ਹਾਂ ਦੇ ਤਿੰਨ ਸਟਰਕਚਰ ਹਨ। ਇਕ ਟੀਚਰਾਂ ਲਈ ਮਿਲ ਕੇ ਕੰਮ ਕਰਨ ਲਈ ਸਮਰਪਤ ਸਮਾਂ ਪ੍ਰਦਾਨ ਕਰਦਾ ਹੈ, ਕਿਉਂਕਿ ਸੰਭਵ ਹੈ ਕਿ ਜ਼ਿਲ੍ਹੇ ਵਿੱਚ ਕਈ ਅਧਿਆਪਕ ਹੋਣਗੇ ਜਿਹੜੇ ਇਹ ਕੰਮ ਕਰਨਗੇ। ਅਸੀਂ ਚਾਹੁੰਦੇ ਹਾਂ ਕਿ ਇਹ ਅਧਿਆਪਕ ਆਪਣੀਆਂ ਜੁਗਤਾਂ ਸਾਂਝੀਆਂ ਕਰਨ ਲਈ, ਕੰਮ ਕਰਨ ਵਾਲੀਆਂ ਚੀਜ਼ਾਂ ਸਾਂਝੀਆਂ ਕਰਨ ਲਈ, ਸਾਧਨ, ਸੁਝਾਅ ਅਤੇ ਐਲੀਮੈਂਟਰੀ ਸਕੂਲ ਵਿੱਚ ਅਸਲੀ ਮਿਸ਼ਰਤ ਪੜ੍ਹਾਈ ਬਾਰੇ ਤਕਨੀਕਾਂ ਸਾਂਝੀਆਂ ਕਰਨ ਲਈ ਅਤੇ ਉਨ੍ਹਾਂ ਅਧਿਆਪਕਾਂ ਲਈ ਸਮਰਥਨ ਦਾ ਸਿਲਸਿਲਾ (ਨੈੱਟਵਰਕ) ਵਿਕਸਤ ਕਰਨ ਲਈ ਇਕ ਦੂਜੇ ਨਾਲ ਜੁੜ ਸਕਣ। ਇਹਨਾਂ ਕਲਾਸਰੂਮਾਂ ਵਿੱਚ ਵੱਖ ਵੱਖ ਉਮਰਾਂ ਦੇ ਵਿਦਿਆਰਥੀ ਹੋਣਗੇ ਅਤੇ ਅਧਿਆਪਕਾਂ ਲਈ ਕੰਮ ਕਰਨ ਲਈ ਅਤੇ ਮਾਪਿਆਂ ਦੇ ਖਿਆਲ ਕਰਨ ਵਾਲੀ ਇਹ ਇਕ ਹੋਰ ਚੀਜ਼ ਹੈ। ਦੂਸਰਾ ਪੱਖ ਮਾਪਿਆਂ ਲਈ ਸੰਪਰਕ ਲਈ ਸਮਰਪਤ ਮੌਕਾ ਹੋਵੇਗਾ,

ਦੁਪਹਿਰੋਂ ਬਾਅਦ। ਮਾਪੇ ਘਰ ਵਿੱਚ ਵਿਦਿਆਰਥੀਆਂ ਦਾ ਬਹੁਤ ਸਾਰਾ ਸਮਰਥਨ ਕਰਨਗੇ, ਅਤੇ ਉਹਨਾਂ ਨੂੰ ਘਰ ਵਿੱਚ ਇਹ ਕਿਸ ਤਰ੍ਹਾਂ ਹੋਵੇਗਾ, ਇਸ ਬਾਰੇ ਸੁਝਾਵਾਂ, ਤਕਨੀਕਾਂ, ਢਾਂਚਿਆਂ (ਸਟਰਕਚਰਜ਼) ਅਤੇ ਜੁਗਤਾਂ ਅਤੇ ਸਾਧਨਾਂ ਦੀ ਲੋੜ ਹੋਵੇਗੀ ਕਿਉਂਕਿ ਆਪਣੇ ਵਿਦਿਆਰਥੀਆਂ ਦੀ ਵੱਡੀ ਮਾਤਰਾ ਵਿੱਚ ਪੜ੍ਹਾਈ ਕਰਵਾਉਣਾ ਮਾਪਿਆਂ ਲਈ ਇਕ ਵੱਡੀ ਜ਼ਿੰਮੇਵਾਰੀ ਹੈ। ਇਸ ਲਈ ਅਧਿਆਪਕਾਂ ਨੂੰ ਘਰ ਵਿੱਚ ਵਰਤੀਆਂ ਜਾਣ ਵਾਲੀਆਂ ਜੁਗਤਾਂ ਬਾਰੇ ਤੁਹਾਡੀ ਮਦਦ ਕਰਨ ਲਈ ਤੁਹਾਡੇ ਨਾਲ ਸਿੱਧਾ ਕੰਮ ਕਰਨ ਲਈ ਸਮਾਂ ਦਿੱਤਾ ਜਾਵੇਗਾ। ਤੀਜਾ ਹਿੱਸਾ ਆਹਮੋ ਸਾਹਮਣੇ ਹੋ ਕੇ (ਫੇਸ ਟੂ ਫੇਸ) ਪੜ੍ਹਾਈ ਕਰਨ ਦੇ ਸਮੇਂ ਨੂੰ ਹੌਲੀ ਹੌਲੀ ਵਧਾਉਣਾ ਹੈ ਤਾਂ ਕਿ ਵਿਦਿਆਰਥੀਆਂ ਕੋਲ ਆਹਮੋ ਸਾਹਮਣੇ (ਫੇਸ ਟੂ ਫੇਸ) ਹੋਣ ਦੀ ਚੋਣ ਹੋਵੇ। ਪਹਿਲਾਂ ਹਫਤੇ ਵਿੱਚ ਦੁਪਹਿਰੋਂ ਬਾਅਦ ਇਕ ਵਾਰ, ਅਤੇ ਫਿਰ ਦੋ ਵਾਰ, ਅਤੇ ਫਿਰ ਦੁਪਹਿਰੋਂ ਬਾਅਦ ਤਿੰਨ ਵਾਰ, ਜਿਵੇਂ ਜਿਵੇਂ ਅਸੀਂ ਸਤੰਬਰ, ਅਕਤੂਬਰ ਅਤੇ ਨਵੰਬਰ ਵਿੱਚ ਦੀ ਜਾਵਾਂਗੇ। ਇਹ ਇਸ ਆਸ ਵਿੱਚ ਤਿਆਰ ਕੀਤਾ ਗਿਆ ਹੈ ਕਿ ਜਦੋਂ ਵਿਦਿਆਰਥੀ ਸਕੂਲ ਆਉਣ ਬਾਰੇ ਜ਼ਿਆਦਾ ਠੀਕ ਮਹਿਸੂਸ ਕਰਨ ਲੱਗ ਪੈਣਗੇ, ਤਾਂ ਉਦੋਂ ਉਹ ਪੂਰੇ ਸਮੇਂ ਲਈ ਸਕੂਲ ਆਉਣ ਦਾ ਫੈਸਲਾ ਕਰਨਗੇ। ਸਕੂਲ ਵਿੱਚ ਰੈਗੂਲਰ ਕਲਾਸਰੂਮ ਵਿੱਚ ਵਾਪਸ ਆਉਣ ਦਾ ਇਕ ਮੌਕਾ ਹੋਵੇਗਾ ਅਤੇ ਉਹ ਪਹਿਲੀ ਜਨਵਰੀ ਨੂੰ ਹੋਵੇਗਾ। ਇਸ ਬਾਰੇ ਇਸ ਹਫਤੇ ਵਿੱਚ ਸਾਡੇ ਦਫਤਰ ਤੋਂ, ਸਾਡੇ ਜ਼ਿਲ੍ਹੇ ਤੋਂ ਹੋਰ ਜਾਣਕਾਰੀ ਦਿੱਤੀ ਜਾਵੇਗੀ ਕਿ ਇਹ ਕਿਸ ਤਰ੍ਹਾਂ ਹੋਵੇਗਾ, ਅਤੇ ਇਹ ਐਲੀਮੈਂਟਰੀ ਸਕੂਲਾਂ ਲਈ ਤਬਦੀਲੀ ਦਾ ਮਾਡਲ ਹੈ ਅਤੇ ਅਸੀਂ ਇਸ ਨੂੰ ਸਰੀ ਮਿਸ਼ਰਤ (ਸਰੀ ਬਲੈਂਡਿਡ) ਦਾ ਨਾਂ ਦਿੱਤਾ ਹੈ।

ਸੈਕੰਡਰੀ ਸਕੂਲਾਂ ਬਾਰੇ ਕੀ ਹੋਵੇਗਾ? ਜਿਵੇਂ ਤੁਸੀਂ ਜਾਣਦੇ ਹੋ, ਉਨ੍ਹਾਂ ਬਾਰੇ ਸਾਡਾ ਰਲਵਾਂ ਮਿਲਵਾਂ (ਹਾਈਬ੍ਰਿਡ) ਮਾਡਲ ਹੈ, 10, 11 ਅਤੇ 12 ਗ੍ਰੇਡਾਂ ਲਈ ਇਕ ਮਿਸ਼ਰਤ ਮਾਡਲ। ਬਿਨਾਂ ਸ਼ੱਕ ਸਾਡਾ ਇਕ ਲੰਬੇ ਸਮੇਂ ਦੀ ਪੜ੍ਹਾਈ (ਡਿਸਟ੍ਰਿਬਿਊਟਿਡ ਲਰਨਿੰਗ) ਦਾ ਪ੍ਰੋਗਰਾਮ ਵੀ ਹੈ ਜਿਸ ਨੂੰ ਸਰੀ ਅਕੈਡਮੀ ਫਾਰ ਇਨੋਵੇਟਿਵ ਲਰਨਿੰਗ (ਸੇਲ) ਕਿਹਾ ਜਾਂਦਾ ਹੈ, ਅਤੇ ਜੇ ਤੁਸੀਂ ਉਹ ਕਰਨਾ ਚਾਹੁੰਦੇ ਹੋਵੋ ਤਾਂ ਤੁਸੀਂ ਉਸ ਵਿੱਚ ਰਜਿਸਟਰ ਹੋ ਸਕਦੇ ਹੋ। ਇਸ ਤਰ੍ਹਾਂ ਤੁਹਾਡੇ ਕੋਲ ਇਕ ਹਾਈਬ੍ਰਿਡ (ਰਲਵਾਂ ਮਿਲਵਾਂ) ਮਾਡਲ ਹੈ ਅਤੇ ਡਿਸਟ੍ਰੀਬਿਊਟਿਡ ਲਰਨਿੰਗ ਪ੍ਰੋਗਰਾਮ। ਪਰ ਗ੍ਰੇਡ 8 ਅਤੇ 9 ਲਈ ਸਾਡਾ ਕੋਈ ਪ੍ਰੋਗਰਾਮ ਨਹੀਂ ਹੈ, ਸਿਰਫ ਦੋ ਬਲਾਕਾਂ ਲਈ ਸਿੱਧੀ ਆਹਮੋ ਸਾਹਮਣੇ (ਫੇਸ ਟੂ ਫੇਸ) ਹੋ ਕੇ ਪੜ੍ਹਾਈ, ਜਿਵੇਂ ਕਿ ਮੈਂ ਦੱਸਿਆ ਹੈ। ਪਰ ਹੁਣ ਅਸੀਂ ਗ੍ਰੇਡ 8 ਅਤੇ 9 ਲਈ ਵੀ ਸਰੀ ਮਿਸ਼ਰਤ (ਸਰੀ ਬਲੈਂਡਿਡ) ਮਾਡਲ ਤਿਆਰ ਕਰ ਰਹੇ ਹਾਂ। ਕਿਉਂਕਿ ਗ੍ਰੇਡ 8 ਅਤੇ 9 ਦਾ ਪ੍ਰੋਗਰਾਮ ਵੀ ਇਕ ਬਹੁਭਾਂਤੀ ਪ੍ਰੋਗਰਾਮ ਹੈ, ਇਸ ਲਈ ਸਭ ਤੋਂ ਪਹਿਲਾਂ ਅਸੀਂ ਜੋ ਚਾਹੁੰਦੇ ਹਾਂ ਉਹ ਇਹ ਹੈ ਕਿ ਗ੍ਰੇਡ 8 ਅਤੇ 9 ਦੇ ਵਿਦਿਆਰਥੀ ਆਪਣੇ ਸਕੂਲ ਤੱਕ ਪਹੁੰਚ ਕਰਨ। ਜੇ ਤੁਸੀਂ ਆਪਣੇ ਬੱਚੇ ਵਾਪਸ ਭੇਜਣ ਲਈ ਤਿਆਰ ਨਹੀਂ ਹੋ, ਤਾਂ ਅਸੀਂ ਤੁਹਾਡੇ ਨਾਲ ਗੱਲ ਕਰਨੀ ਚਾਹੁੰਦੇ ਹਾਂ, ਅਸੀਂ ਤੁਹਾਡੇ ਨਾਲ ਆਨਲਾਈਨ ਪੜ੍ਹਾਈ ਜਾਂ ਤੁਹਾਡਾ ਸਕੈਜੁਅਲ (ਸਮਾਂ) ਬਦਲਣ ਲਈ ਜਾਂ ਇੱਥੋ ਤੱਕ ਕਿ ਤੁਹਾਡੀ ਹਾਜ਼ਰੀ ਵਿੱਚ ਦੇਰੀ ਕਰਨ ਲਈ ਗੱਲ ਕਰਨਾ ਚਾਹੁੰਦੇ ਹਾਂ, ਤਾਂ ਕਿ ਅਸੀਂ ਤੁਹਾਨੂੰ ਕਿਸੇ ਪੜਾਅ 'ਤੇ, ਭਾਵੇਂ ਪਹਿਲੀ ਟਰਮ ਵਿੱਚ, ਦੂਜੀ ਟਰਮ ਵਿੱਚ ਜਾਂ ਤੀਜੀ ਟਰਮ ਵਿੱਚ, ਬਿਲਡਿੰਗ ਵਿੱਚ ਵਾਪਸ ਲਿਆ ਸਕੀਏ।

ਇਸ ਲਈ ਅਸੀਂ ਇਸ ਪੜਾਅ 'ਤੇ ਤੁਹਾਡੇ ਕੋਲੋਂ, ਮਾਪਿਆਂ ਕੋਲੋਂ ਕੀ ਚਾਹੁੰਦੇ ਹਾਂ, ਜੇ ਇਹ ਪੱਕਾ ਹੈ ਕਿ ਤੁਹਾਡਾ ਬੱਚਾ ਸਤੰਬਰ ਵਿੱਚ ਸਕੂਲ ਵਾਪਸ ਨਹੀਂ ਆ ਰਿਹਾ ਹੈ। ਤੁਸੀਂ ਰਜਿਸਟਰੇਸ਼ਨ ਬਾਰੇ ਜਾਣਕਾਰੀ ਅਤੇ ਤਬਦੀਲੀ ਦਾ ਮਾਡਲ (ਟ੍ਰਾਂਜੀਸ਼ਨ ਮਾਡਲ) ਦੇਖੋਗੇ, ਉਹ ਨਸ਼ਰ ਹੋਏਗਾ ਅਤੇ ਤੁਸੀਂ ਇਸ ਨੂੰ ਦੁਬਾਰਾ ਸਾਡੇ ਵੈੱਬਸਾਈਟ 'ਤੇ ਦੇਖ ਸਕੋਗੇ। ਅਤੇ ਇਸ ਬਾਰੇ ਜ਼ਿਆਦਾ ਵਿਸਤ੍ਰਿਤ ਜਾਣਕਾਰੀ ਦੇਖ ਸਕੋਗੇ ਕਿ ਪ੍ਰੋਗਰਾਮ ਕਿਸ ਤਰ੍ਹਾਂ ਦਾ ਹੈ। ਅਤੇ ਗ੍ਰੇਡ 8 ਤੋਂ ਲੈ ਕੇ ਗ੍ਰੇਡ 12 ਤੱਕ ਦੇ ਸੈਕੰਡਰੀ ਵਿਦਿਆਰਥੀਆਂ ਬਾਰੇ ਜੇ ਤੁਹਾਨੂੰ ਪੂਰੀ ਤਰ੍ਹਾਂ ਯਕੀਨ ਹੈ ਕਿ ਤੁਹਾਡਾ ਬੱਚਾ ਵਾਪਸ ਨਹੀਂ ਆ ਰਿਹਾ, ਤਾਂ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਦੁਬਾਰਾ ਫਾਰਮ ਭਰੋ, ਅਤੇ ਤੁਸੀਂ ਸਾਡੇ ਵੈੱਬਸਾਈਟ 'ਤੇ ਇਕ ਲਿੰਕ ਦੇਖੋਗੇ ਅਤੇ ਆਪਣੇ ਸਕੂਲ ਨਾਲ ਸਤੰਬਰ 4 ਤੱਕ ਸੰਪਰਕ ਕਰੋ। ਅਸੀਂ ਇਹ ਚੀਜ਼ਾਂ ਉਨ੍ਹਾਂ ਤਰੀਕਾਂ ਤੱਕ ਕਿਉਂ ਜਾਣਨਾ ਚਾਹੁੰਦੇ ਹਾਂ। ਸਾਨੂੰ ਆਪਣੇ ਸਿੱਖਣ ਦੇ ਸਮੂਹ ਬਣਾਉਣ ਦੀ ਲੋੜ ਹੈ, ਇਸ ਲਈ ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਅਸਲ ਵਿੱਚ ਕਿੰਨੇ ਵਿਦਿਆਰਥੀ ਸਕੂਲ ਵਾਪਸ ਆ ਰਹੇ ਹਨ, ਅਸੀਂ ਜਾਣਦੇ ਹਾਂ ਕਿ ਸਾਡੇ ਸਕੂਲਾਂ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਹੋਈਆਂ ਹਨ, ਅਸੀਂ ਯਕੀਨ ਕਰਦੇ ਹਾਂ ਕਿ ਸਕੂਲ ਸੁਰੱਖਿਅਤ, ਸਵਾਗਤ ਕਰਨ ਅਤੇ ਖਿਆਲ ਰੱਖਣ ਵਾਲੀਆਂ ਥਾਂਵਾਂ ਹਨ, ਅਤੇ ਇਸ ਤਰ੍ਹਾਂ ਹੀ ਰਹਿਣਗੇ, ਜਿਵੇਂ ਕਿ ਉਹ ਹਮੇਸ਼ਾਂ ਹੁੰਦੇ ਸਨ। ਮੈਨੂੰ ਅਗਲੇ ਹਫਤੇ ਸਕੂਲ ਖੁੱਲ੍ਹਣ ਦਾ ਚਾਅ ਹੈ, ਅਤੇ ਅਸੀਂ ਆਸ ਕਰਦੇ ਹਾਂ ਕਿ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵੀ ਨਾਰਮਲ ਨਿੱਤ ਨੇਮ ਵੱਲ ਵਾਪਸ ਆਉਣ ਦਾ ਚਾਅ ਹੋਵੇਗਾ। ਮਾਰਚ 13 ਤੋਂ ਸਤੰਬਰ 10 ਤੱਕ 180 ਦਿਨ ਹੋ ਜਾਂਦੇ ਹਨ, ਅਤੇ ਸਕੂਲ ਤੋਂ ਦੂਰ ਰਹਿਣ ਦਾ ਇਹ ਇਕ ਲੰਮਾ ਸਮਾਂ ਹੈ, ਇਸ ਲਈ ਉਮੀਦ ਕਰਦੇ ਹਾਂ ਕਿ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੋਹਾਂ ਵਿੱਚ, ਸਰੀ ਮਿਸ਼ਰਤ ਮਾਡਲ (ਸਰੀ ਬਲੈਂਡਿਡ ਮਾਡਲਜ਼), ਮਾਪਿਆਂ ਨੂੰ ਇਸ ਗੱਲ ਲਈ ਵਾਧੂ ਚੋਣ ਦੇਣਗੇ ਕਿ ਉਹ ਪਤਝੜ ਵਿੱਚ ਕਿਸ ਤਰ੍ਹਾਂ ਵਾਪਸ ਸਕੂਲ ਆ ਸਕਦੇ ਹਨ, ਅਤੇ ਇਕ ਵਾਰ ਫਿਰ ਇਹ ਤੁਹਾਨੂੰ

ਮਿਸ਼ਰਤ ਪੜ੍ਹਾਈ ਕਰਨ ਦਾ ਮੌਕਾ ਦੇਣ ਲਈ ਅਤੇ ਨਾਲ ਹੀ ਜੇ ਤੁਸੀਂ ਚਾਹੋ ਤਾਂ ਆਪਣੇ ਗੁਆਂਢ ਦੇ ਸਕੂਲ ਵਿੱਚ ਵਾਪਸ ਆਉਣ ਦਾ ਮੌਕਾ ਦੇਣ ਲਈ ਤਬਦੀਲੀ ਦੇ ਪ੍ਰੋਗਰਾਮ (ਟ੍ਰਾਂਜੀਸ਼ਨ ਪ੍ਰੋਗਰਾਮ) ਹਨ।

ਜ਼ਰੂਰ ਹੀ ਮੈਂ ਅਗਲੇ ਹਫਤੇ ਇਕ ਹੋਰ ਵੀਡੀਓ ਕੱਢਾਂਗਾ, ਪਰ ਮੈਂ ਜਾਣਦਾ ਹਾਂ ਕਿ ਲੇਬਰ ਡੇਅ ਵੀਕਇੰਡ 'ਤੇ ਛੁੱਟੀ ਮਨਾਉਣ ਦਾ ਇਹ ਤੁਹਾਡਾ ਆਖਰੀ ਮੌਕਾ ਹੈ। ਮੈਂ ਆਸ ਕਰਦਾ ਹਾਂ ਕਿ ਧੁੱਪ ਨਿਕਲੇਗੀ, ਤੁਹਾਡਾ ਸਮਾਂ ਬਹੁਤ ਵਧੀਆ ਲੰਘੇਗਾ, ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਮੈਂ ਅਗਲੇ ਹਫਤੇ ਸਕੂਲ ਦੀ ਸ਼ੁਰੂਆਤ ਦੀ ਤੀਬਰਤਾ ਨਾਲ ਉਡੀਕ ਕਰ ਰਿਹਾ ਹਾਂ।

ਆਪਣਾ ਖਿਆਲ ਰੱਖਿਓ। ਬਹੁਤ ਬਹੁਤ ਮਿਹਰਬਾਨੀ। ਹਾਈਚਕੇ।